Weekly

# CANADA SIKH TIMES

31 August - 6 September 2025

ਕੈਨੇਡਾ ਸਿੱਖ ਟਾਈਮਜ਼

Volume 3 Issue 35

• RELIGION • CULTURE • HERITAGE • BUSINESS

## ਪੰਜਾਬ ਦੀ ਧੀ ਅਨਮੋਲ ਕੌਰ ਬਣੀ ਕੈਨੇਡਾ ’ਚ ਅਫਸਰ



ਹੁਸ਼ਿਆਰਪੁਰ ਦੇ ਪਿੰਡ ਛਾਉਣੀ ਕਲਾਂ ਤੋਂ ਸਬੰਧਤ ਅਨਮੋਲ ਕੌਰ ਨੇ ਕੈਨੇਡਾ ਦੀ ਧਰਤੀ ’ਤੇ ਬਤੌਰ ਡੈਂਟਿਸ ਪੈਰ ਰੱਖਿਆ ਸੀ। ਜਿਸ ਤੋਂ ਬਾਅਦ ਉਸ ਨੇ ਨੌਕਰੀ ਦੇ ਨਾਲ-ਨਾਲ ਪੁਲਿਸ ’ਚ ਭਰਤੀ ਹੋਣ ਦੀ ਤਿਆਰੀ ਕੀਤੀ। ਜਿਸ ਦੇ ਚਲਦਿਆਂ ਜਦੋਂ ਉਸ ਨੇ Entrance ਪੇਪਰ ਕਲੀਅਰ ਕਰ ਲਿਆ ਤਾਂ ਉਸ ਦੇ ਵਲੋਂ ਆਪਣੇ ਮਾਪਿਆਂ ਨੂੰ ਸਰਪ੍ਰਾਈਜ਼ ਦੇ ਤੌਰ ’ਤੇ ਇਹ ਖੁਸ਼ਖਬਰੀ ਸੁਣਾਈ ਗਈ ਕਿ ਉਹ ਹੁਣ 6 ਮਹੀਨਿਆਂ ਦੀ ਟ੍ਰੇਨਿੰਗ ਕਲੀਅਰ ਕਰ ਕੈਨੇਡਾ ਪੁਲਿਸ ਦੇ ਵਿੱਚ ਅਫਸਰ ਬਣ ਚੁਕੀ ਹੈ। ਅਨਮੋਲ ਕੌਰ ਨੇ ਨਾ ਕੇਵਲ ਮਾਪਿਆਂ ਦਾ ਸਗੋਂ ਅੱਜ ਪੰਜਾਬ ਤੇ ਦੇਸ਼ ਦਾ ਨਾਮ ਰੋਸ਼ਨ ਕੀਤਾ ਹੈ। ਇਸ ਮੌਕੇ ਧੀ ਦੀ ਕਾਮਯਾਬੀ ’ਤੇ ਮਾਪਿਆਂ ਨੇ ਮਾਨ ਜਤਾਇਆ ਹੈ। ਉਨ੍ਹਾਂ ਕਿਹਾ ਕਿ ਅਨਮੋਲ ਨੇ ਆਪਣੀ ਮਿਹਨਤ ਸਦਕਾ ਇਹ ਮੁਕਾਮ ਹਾਸਲ ਕੀਤਾ ਹੈ। ਖ਼ਾਸ ਤੋਰ ’ਤੇ ਪਰਿਵਾਰ ’ਚ ਖੁਸ਼ੀ ਉਸ ਸਮੇਂ ਦੋਹਰੀ ਹੋ ਗਈ ਜਦੋ ਪਤਾ ਲਗਾ ਕਿ ਧੀ ਦੇ ਨਾਲ-ਨਾਲ ਉਨ੍ਹਾਂ ਦਾ ਜਵਾਈ ਵੀ ਇਸ ਮਹਿਕਮੇਂ ’ਚ ਭਰਤੀ ਹੋਇਆ ਹੈ ਅਤੇ ਹੁਣ ਦੋਵੇਂ ਪਤੀ-ਪਤਨੀ ਇਕੋ ਹੀ ਮਹਿਕਮੇਂ ਦੇ ਵਿੱਚ ਕੰਮ ਕਰਨਗੇ। ਓਦਰ ਦੂਜੇ ਪਾਸੇ ਘਰ ਵਿੱਚ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।

## Indian Athlete Zorawar Singh Sets Guinness World Record in Italy



Indian jump-rope athlete Zorawar Singh created history by setting a Guinness World Record for the most double under frogs in 30 seconds. On February 5, 2025, in Milan, Italy, he performed 21 double under frogs on the international TV show *Lo Show Dei Record*. Known for his remarkable fitness and discipline, Singh has been a consistent performer in national and international competitions. His achievement not only showcases his talent but also shines a spotlight on jump rope as a growing sport in India, inspiring young athletes to aim for global recognition. The double under frog, considered one of the most challenging jump-rope moves, requires a perfect balance of strength, coordination, and endurance. By completing 21 in half a minute, Singh has set a new benchmark in the sport and demonstrated the potential of Indian athletes on the world stage.

## First-Ever Sikh in Nepal's Army




Sikhs are known all over the world as a martial race. They have honourably served in the Police as well as in the Army of various countries from time to time. Even today, besides India, a good number of turbaned Sikhs are admirably performing their duties in the Police and the Army of several countries including the USA, Canada, the UK, Australia, and Malaysia Over the past few decades, scores of observant Sikhs from Nepal's Nepalgunj area joined Nepal's Regular Police and also Nepal's Armed Police. But the turbaned Sikhs were conspicuous by their absence in the Himalayan country's Army. However, this position has changed now. Karan Singh has made history by becoming the first-ever soldier from the Sikh community to join Nepal's Army. This significant milestone was achieved in June 2025, marking a momentous occasion for Nepal's Sikhs as well as for the country's military.

It may be mentioned here that Karan Singh, who is a ninth generation descendant from the Sikhs who had arrived in Nepal with Maharani Jind Kaur (wife of Maharaja Ranjit Singh) in 1849, hails from Bankatwa village in Banke district of Nepalgunj region. He began his military journey by enrolling at Bahini Adda in Nepalgunj on 16th July, 2024, and successfully completed his basic military training at the Gorkha (Continued on page 4)

DESH VIDESH

# The three pillars of Sikhi - 2

- Daljit Singh

The concept of naam simran involves focusing/ or concentrating one-pointedness on the Truth and must be practiced in a divine congregation (Satsang) to utter the name or sing to the hymns of praise of Lord Truth. It involves deep contemplation of Akal Purukh and this is believed to cleanse the mind where in True Ideas by the Grace of Lord Truth descends down upon them. Nishkam Sewa/ seva or kar seva refers to selfless service performed without any thought of reward or personal benefit. This is clearly exemplified by the sewadars (those doing service at the Gurdwara) and the devotion and commitment is beyond anyone's imagination or belief. They are all out to do full sewa and will go out of their way to do so and it is done with willingness, love and a beautiful smile to serve. I have seen it and others have vouched upon it; it is amazing!

With sewa comes humility and SGGS 286 highlights the importance of selfless sewa: "One who performs selfless service, without the thought of reward, shall attain his Lord/Master." SGGS 110: "Centre your awareness on sewa and focus your consciousness on the Word of the Shabad." In order to achieve salvation, SGGS 176: "Do sewa, follow the Guru's Teaching, and vibrate the Lord's name, Har Har". Sewa is imperative for spiritual life. Bhai Gurdas Ji, Varan 27.1 "Cursed are the hands and feet that do not engage in sewa." It is rendered through physical means (Taan), mental aspects (maan) and finally through material sources (dhan). According to Sikh Scriptures, true sewa must be without desire (nishkam), guileless (nishkapdt), in humility (nimrata), with purity of intention (hirda suddh), with sincerity (Chit lae) and in utter selflessness (Vichon ap gavaae). Such sewa for the Sikhs is the doorway to dignity as well as to mukti (liberation). "If one earns merit have through sewa, one will get a sect of honour in his Court hereafter." SGGS 26.

In order to lay a fertile ground for naam simran and naam japno, the fire evils or five thieves (pancadokh or panj vicar) need to be overcomed to pave the way through. It is not easy and one needs his blessing to enable us to have some control over lust, rage/ anger, greed, emotional attachment and arrogance. These are the five major weaknesses of the human personality, a variance with its spiritual essence. These evils are a cause of distraction in individual's pursuit of the moral and spiritual path. Kam (lust), krodh (rage), lobh (greed), moh (emotional attachment) and ahankar (ego). The word evil represents in Gurmukhi as pap (sin). Dokh (Defect) or kilbikh (defilement). "Within this body dwells therefore thieves: sexual desire, anger, greed, emotional attachment and egotism." They literally plunder the Nectar, but the self- willed manmukh does not realize it; not one hears his complaint. The world is blind and its dealings are blind as well; without the Guru there is only pitch darkness." SGGS 600. There will be no headway to God realisation without discarding the cardinal evils.

Bhagat Kabir Ji says, "He alone cherishes the Lord's feet who is rid of desire, wrath, greed and attachment (Kamu krodhu lobhu mohu bibarjit haripadu chinai soi) SGGS 1123. Constant awareness of God (Simran on your lips or in mind) is the panacea for all ills or maladies and the devotees or followers should make the effort to take refuge in the congregation or sangat. Devotion to eradicate the evils in an instant and purifies the body-SGGS 245.

On the positive aspects, to eradicate the five evils, one need to inculcate the five spiritual virtues, that are sat (truth), santokh (contentment), daya (compassion), nimrata (humility) and pyaar (love). The final goal for anyone in life is to re-unite or merge with God (mukti) and achieve salvation. This is achieved by developing positive human qualities which brings the soul closer to God. It is all about bhakti (attachment or fervent devotion to God) and the first knowledge of the true nature of God as both nirguna (ineffable, abstract principles) and sarguna (Manifest, with attributes, knowable) and this only comes through an understanding and staunch faith of the Guru's word. The love of God is achieved by developing compassion for all God's creation. (Jin Prem kiyo tin hi prabh paayeo-Benti Chaupeyee-Patshaahi 10)

The Truth (Sat) - is one of the most important virtues during their life is that of Truth. God is Truth and by trying to practice Truth in a truthful life and this is in accordance with God's Will. (Hukam rajaaee chalna Nanak likhia naal). It is about acting jointly towards others, treating everyone as equal and avoiding criticising others are all facets of truthful living for the not only Sikhs but others. Such virtues have been around early as civilisation started and it is all conscience that will prick on the individual, when such virtues are not part of the society. Sikhs must work toward God-like qualities, they have in order to Truly Love God." Daya (compassion) is the divine quality and is a virtue of mind and are classified into those of the body. Firstly, dana (charity), paritrana (aid to those in distress) and paricharana (social services); secondly, those of speech-satya (veracity), hitorachana (beneficial speech), priyarachana (sweet speech) and svadhyaya (reciting of the Scriptures) and thirdly those of the mind which besides daya, also include a parigraha (unworldiness), and worldliness sraddha (reverence and piety). In Sikh faith, daya is a basic moral requirement, a moral vow. "Keep your heart content and cherish compassion for all beings; this way alone your holy vow be fulfilled." SGGS 299. ◆◆

# HERITAGE

## ਪੰਜਾਬ ਕੇਂਦਰੀ ਯੂਨੀਵਰਸਟੀ ਨੇ NIRF ਇੰਡੀਆ ਰੈਂਕਿੰਗਜ਼ 2025 'ਚ 77ਵਾਂ ਸਥਾਨ ਹਾਸਲ ਕੀਤਾ



ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਮੋਹਰੀ ਯੂਨੀਵਰਸਿਟੀਆਂ ਵਿੱਚੋਂ ਇਕ ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ (ਸੀ.ਯੂ. ਪੰਜਾਬ) ਨੇ ਮਾਨਯੋਗ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਮਾਰਗਦਰਸ਼ਨ ਅਤੇ ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਦੀ ਗਤੀਸ਼ੀਲ ਅਗਵਾਈ ਹੇਠ ਇਸ ਸਾਲ ਨੈਸ਼ਨਲ ਇੰਸਟੀਚਿਊਸ਼ਨਲ ਰੈਂਕਿੰਗ ਫਰੇਮਵਰਕ (NIRF)- ਇੰਡੀਆ ਰੈਂਕਿੰਗਜ਼ 2025 ਦੀ 'ਯੂਨੀਵਰਸਿਟੀ ਸ਼੍ਰੇਣੀ' ਵਿੱਚ 77ਵਾਂ ਰੈਂਕ ਪ੍ਰਾਪਤ ਕਰਕੇ ਇਕ ਹੋਰ ਮਹੱਤਵਪੂਰਨ ਮੀਲ ਪੱਥਰ ਹਾਸਲ ਕੀਤਾ ਹੈ। ਯੂਨੀਵਰਸਿਟੀ ਨੇ ਪਿਛਲੇ ਸਾਲ (NIRF 2024) ਦੇ 83ਵੇਂ ਸਥਾਨ ਦੇ ਮੁਕਾਬਲੇ ਇਸ ਸਾਲ ਆਪਣੀ ਰੈਂਕਿੰਗ ਵਿੱਚ 6 ਸਥਾਨਾਂ ਦਾ ਸੁਧਾਰ ਕੀਤਾ ਹੈ। ਇਸ ਪ੍ਰਾਪਤੀ ਸਦਕਾ ਪੰਜਾਬ ਕੇਂਦਰੀ ਯੂਨੀਵਰਸਿਟੀ ਨੇ ਲਗਾਤਾਰ ਸੱਤਵੇਂ ਸਾਲ ਭਾਰਤ ਦੀਆਂ ਚੋਟੀ ਦੀਆਂ 100 ਯੂਨੀਵਰਸਿਟੀਆਂ ਦੀ ਸੂਚੀ ਵਿੱਚ ਆਪਣਾ ਸਥਾਨ ਕਾਇਮ ਰੱਖਣ ਦੀ ਪਰੰਪਰਾ ਜਾਰੀ ਰੱਖੀ ਹੈ। ਇਸ ਸਾਲ ਯੂਨੀਵਰਸਿਟੀ ਨੇ ਫਾਰਮੇਸੀ ਸ਼੍ਰੇਣੀ 'ਚ 20ਵਾਂ ਰੈਂਕ ਅਤੇ ਕਾਨੂੰਨ ਸ਼੍ਰੇਣੀ 'ਚ 40ਵਾਂ ਰੈਂਕ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਗਤੀ ਦਰਜ ਕਰਦੇ ਹੋਏ ਅਕਾਦਮਿਕ ਉੱਤਮਤਾ ਅਤੇ ਆਧੁਨਿਕ ਖੋਜ ਦੇ ਕੇਂਦਰ ਵਜੋਂ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ ਹੈ। ਆਪਣੇ ਪ੍ਰਦਰਸ਼ਨ ਨੂੰ ਜਾਰੀ ਰੱਖਦੇ ਹੋਏ ਸੀ.ਯੂਪੀ.ਬੀ. ਨੇ NIRF ਇੰਡੀਆ ਰੈਂਕਿੰਗਜ਼ 2025 ਦੀ ਸਮੁੱਚੀ ਸ਼੍ਰੇਣੀ ਵਿੱਚ "ਰੈਂਕ-ਬੈਂਡ 100-150" 'ਚ ਆਪਣਾ ਸਥਾਨ ਪ੍ਰਾਪਤ ਕੀਤਾ ਹੈ।

## Sikh Misl basketball Tournament held in Surrey




This weekend, Misl Hoops organized an incredible basketball tournament at the Richmond Oval! With 30+ teams and 120 players taking part, the energy and spirit of the event were unmatched. Visitors also enjoyed various community booths, delicious food, and an atmosphere full of excitement and unity. A huge thank you to our title sponsors – Scott Road Insurance, Khalsa Credit Union, and Realtor Sunny Brar – for making this event possible. The tournament was dedicated to the 12 Sikh Misls, who played a pivotal role during the Khalsa Raj of Maharaja Ranjit Singh, reminding us of our rich history and legacy of resilience.

## ਜਮਸ਼ੇਦਪੁਰ ਦੇ ਮਨਦੀਪ ਸਿੰਘ ਨੇ ਕਲੈਪ ਪੁਸ਼-ਅੱਪ ਨਾਲ ਬਣਾਇਆ ਚੌਥਾ ਵਿਸ਼ਵ ਰਿਕਾਰਡ



ਜਮਸ਼ੇਦਪੁਰ ਨੂੰ ਮੁੜ ਇੱਕ ਵਾਰ ਅੰਤਰਰਾਸ਼ਟਰੀ ਪੱਧਰ 'ਤੇ ਮਾਣ ਦਿਵਾਉਂਦਿਆਂ, ਸਿੱਖ ਫਿਟਨੈੱਸ ਇਨਫਲੂਐਂਸਰ, ਸਹਾਇਕ ਪ੍ਰੋਫੈਸਰ, ਸਰਟੀਫਾਈਡ ਨਿਊਟ੍ਰਿਸ਼ਨਿਸਟ ਅਤੇ ਪਰਸਨਲ ਟ੍ਰੇਨਰ ਮਨਦੀਪ ਸਿੰਘ ਨੇ ਇੰਜੀਨੀਅਸ ਚਾਰਮ ਬੁੱਕ ਆਫ ਰਿਕਾਰਡਜ਼ ਵਿੱਚ ਇਤਿਹਾਸ ਰਚ ਦਿੱਤਾ ਹੈ। ਉਸ ਨੇ ਸਿਰਫ 30 ਸਕਿੰਟਾਂ ਵਿੱਚ 43 ਕਲੈਪ ਪੁਸ਼-ਅੱਪ ਕਰਕੇ ਤਾਕਤ, ਗਤੀ ਅਤੇ ਸਟੀਕਤਾ ਦਾ ਬੇਮਿਸਾਲ ਪ੍ਰਦਰਸ਼ਨ ਕੀਤਾ।

ਇਕ ਅਧਿਆਪਕ ਅਤੇ ਫਿਟਨੈੱਸ ਪ੍ਰਤੀਕ ਵਜੋਂ ਆਪਣੀ ਭੂਮਿਕਾ ਨਿਭਾਉਂਦਿਆਂ, ਮਨਦੀਪ ਸਿੰਘ ਅੱਜ ਹਜ਼ਾਰਾਂ ਲਈ ਅਨੁਸ਼ਾਸਨ ਅਤੇ ਪ੍ਰੇਰਣਾ ਦਾ ਸਰੋਤ ਬਣ ਚੁੱਕੇ ਹਨ। ਉਹ ਸਿਰਫ਼ ਆਪਣੀ ਨਿੱਜੀ ਉਪਲਬਧੀਆਂ ਤੱਕ ਸੀਮਿਤ ਨਹੀਂ ਰਹੇ, ਬਲਕਿ ਜ਼ਿੰਦਗੀਆਂ ਬਦਲ ਰਹੇ ਹਨ, ਨੌਜਵਾਨਾਂ ਨੂੰ ਮਾਰਗਦਰਸ਼ਨ ਦੇ ਰਹੇ ਹਨ ਅਤੇ ਦੇਸ਼ ਭਰ ਵਿੱਚ ਸਿਹਤ ਤੇ ਤੰਦਰੁਸਤੀ ਦੀ ਮਹੱਤਤਾ ਦਾ ਪ੍ਰਚਾਰ ਕਰ ਰਹੇ ਹਨ। ਇਸ ਕਾਮਯਾਬੀ ਨਾਲ ਮਨਦੀਪ ਸਿੰਘ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਇਕ ਚੰਗੇ ਮਾਰਗਦਰਸ਼ਕ, ਅਧਿਆਪਕ ਅਤੇ ਪ੍ਰੇਰਕ ਵੀ ਹਨ।

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **What is the literal meaning of Begam Pura as per Gurbani?**
   A. City of wisdom B. City without sorrow
   C. City of riches D. City of kings
2. **According to Bhagat Ravidas Ji, Begam Pura is primarily:**
   A. A place in the sky after death
   B. A mental and spiritual state of mind without sorrow
   C. A physical city in Punjab
   D. A ritualistic practice of meditation
3. **What is the central teaching of Begam Pura as per Gurmat?**
   A. All are considered equal, with no second or third-class citizens
   B. A society based on rigid caste rules
   C. Attainment of power through force
   D. A heaven only attainable after death
4. **Which Sikh Guru or Bhagat first described Begam Pura explicitly in Gurbani?**
   A. Guru Nanak Sahib B. Bhagat Ravidas Ji
   C. Guru Arjan Sahib D. Bhagat Kabir Ji

(ਦੇਖੋ ਉੱਤਰ ਪੰਨਾ 4 'ਤੇ)

## First-Ever Sikh in Nepal's Army

Baks Battalion in Achham on 6th June,2025. Thereafter, he was officially inducted into the country's military service. He is presently posted at Chandrauta in Kapilbastu region.

"Joining Nepal's Army was the fulfillment of a lifelong dream," said Karan Singh happily. Battalion Chief Sangam Adhikari described the moment as "rare and proud in the military history of Nepal". He further added: "Karan Singh's journey reflects both personal perseverance and the Army's evolving inclusivity in embracing different communities."

Shankar Singh, Deputy Superintendent of Police in Nepal's Armed Police (Retired), flew from Nepalgunj to Kathmandu to thank General Ashok Raj Sigdel, the Chief of the Army Staff (COAS), for accepting a turbaned Sikh in the Himalayan country's military. While welcoming Shankar Singh, the General said that Nepal's Army is guided by the country's constitutional provisions that uphold the principle of inclusiveness, ensuring that all citizens of Nepal – regardless of caste, religion or ethnicity – have equal opportunity to serve in the country's Army. Karan Singh's induction into Nepal's Army is a testament to the growing inclusivity and diversity within the country's military. It sets a precedent for future recruitment policy that welcomes individuals from all communities including turbaned Sikhs. Nepal's Sikhs have heartily welcomed Karan Singh's induction into the country's Army. Hopefully Nepal's many turbaned Sikh youths will now come forward to join the country's military without any hesitation.

- **Santokh Singh Bains** (Courtesy: Sikhnet.com)

## ਆਫ਼ਤ ਪ੍ਰਭਾਵਿਤ ਸੂਬਾ ਐਲਾਨਿਆ ਗਿਆ ਪੰਜਾਬ, 23 ਜ਼ਿਲ੍ਹੇ ਆਏ ਚਪੇਟ ਵਿਚ



ਪੰਜਾਬ ਵਿਚ ਪੈ ਰਹੇ ਭਾਰੀ ਮੀਂਹ ਤੇ ਹੜ੍ਹ ਨੂੰ ਦੇਖਦੇ ਹੋਏ ਸਰਕਾਰ ਨੇ ਪੰਜਾਬ ਨੂੰ ਆਫਤ ਪ੍ਰਭਾਵਿਤ ਸੂਬਾ ਐਲਾਨ ਦਿੱਤਾ ਹੈ। ਇਸ ਸਮੇਂ ਸੂਬੇ ਦੇ ਸਾਰੇ 23 ਜ਼ਿਲ੍ਹੇ ਹੜ੍ਹ ਦੀ ਚਪੇਟ ਵਿਚ ਹਨ ਤੇ 1200 ਤੋਂ ਵੱਧ ਪਿੰਡ ਪ੍ਰਭਾਵਿਤ ਹੋਏ ਹਨ। ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਕਿ 1400 ਪਿੰਡ ਪਾਣੀ ਦੀ ਮਾਰ ਹੇਠ ਹਨ ਤੇ 3 ਲੱਖ 45 ਹਜਾਰ 624 ਲੋਕ ਇਨ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਹੜ੍ਹਾਂ ਕਰਕੇ ਹੁਣ ਤੱਕ 30 ਲੋਕਾਂ ਦੀ ਜਾਨ ਜਾ ਚੁੱਕੀ ਹੈ ਜਦੋਂ ਕਿ 3 ਲੋਕ ਅਜੇ ਵੀ ਲਾਪਤਾ ਹਨ। ਅੰਮ੍ਰਿਤਸਰ ਵਿਚ 135, ਬਰਨਾਲਾ ਵਿਚ 134 ਤੇ ਹੁਸ਼ਿਆਰਪੁਰ ਵਿਚ 119 ਪਿੰਡ ਪ੍ਰਭਾਵਿਤ ਹੋਏ ਹਨ। ਹਰੀਕੇ ਪੱਤਣ ਹੈੱਡਵਰਕਸ ਤੋਂ 3 ਲੱਖ 5 ਹਜ਼ਾਰ ਕਿਊਸਿਕ ਪਾਣੀ ਛੱਡੇ ਜਾਣ ਦੇ ਬਾਅਦ ਪ੍ਰਸ਼ਾਸਨ ਨੇ ਤਰਨਤਾਰਨ ਨੂੰ ਹਾਈ ਫਲੱਡ ਏਰੀਆ ਐਲਾਨ ਦਿੱਤਾ ਹੈ। ਇਸ ਪਾਣੀ ਦਾ ਅਸਰ ਫਾਜ਼ਿਲਕਾ ਤੇ ਫਿਰੋਜ਼ਪੁਰ ਦੇ ਕਈ ਪਿੰਡਾਂ ਵਿਚ ਪਵੇਗਾ। ਦੱਸ ਦੇਈਏ ਕਿ ਕਈ ਥਾਵਾਂ 'ਤੇ ਅਜੇ ਵੀ ਲਗਾਤਾਰ ਮੀਂਹ ਪੈ ਰਿਹਾ ਹੈ ਜਿਸ ਨੂੰ ਦੇਖਦੇ ਹੋਏ ਮੌਸਮ ਵਿਭਾਗ ਨੇ ਅੱਜ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਸਰਕਾਰ ਦੇ ਅੰਕੜਿਆਂ ਮੁਤਾਬਕ ਸਭ ਤੋਂ ਵੱਧ ਅਸਰ ਗੁਰਦਾਸਪੁਰ ਦੇ 324 ਪਿੰਡਾਂ 'ਤੇ ਪਿਆ ਹੈ। ਗੁਰਦਾਸਪੁਰ ਵਿਚ 1.45 ਲੱਖ ਤੇ ਅੰਮ੍ਰਿਤਸਰ ਵਿਚ 1.17 ਲੱਖ ਤੋਂ ਵੱਧ ਲੋਕ ਹੜ੍ਹ ਤੋਂ ਪ੍ਰਭਾਵਿਤ ਹੋਏ ਹਨ। ਫਿਰੋਜ਼ਪੁਰ, ਫਾਜ਼ਿਲਕਾ ਤੇ ਪਠਾਨਕੋਟ ਵਿਚ ਵੀ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਦਿੱਕਤਾਂ ਦਾ ਸਾਹਮਣਾ ਕਰ ਰਹੇ ਹਨ। ਮੋਹਾਲੀ, ਕਪੂਰਥਲਾ ਤੇ ਬਾਕੀ ਜ਼ਿਲ੍ਹਿਆਂ ਵਿਚ ਕੁੱਲ ਮਿਲਾ ਕੇ ਹੁਣ ਤੱਕ 3 ਲੱਖ ਤੋਂ ਵੱਧ ਆਬਾਦੀ ਪ੍ਰਭਾਵਿਤ ਹੋਈ ਹੈ। ਅੰਮ੍ਰਿਤਸਰ, ਬਰਨਾਲਾ, ਮਾਨਸਾ, ਰੂਪਨਗਰ ਤੇ ਹੁਸ਼ਿਆਰਪੁਰ ਵਿਚ 3-3 ਮੌਤਾਂ ਹੋ ਚੁੱਕੀਆਂ ਹਨ। ਬਠਿੰਡਾ, ਗੁਰਦਾਸਪੁਰ, ਪਟਿਆਲਾ, ਮੋਹਾਲੀ ਤੇ ਸੰਗਰੂਰ ਵਿਚ 1-1 ਵਿਅਕਤੀ ਦੀ ਜਾਨ ਗਈ ਹੈ ਤੇ ਇਸ ਤੋਂ ਇਲਾਵਾ ਤਿੰਨ ਲੋਕ ਅਜੇ ਵੀ ਲਾਪਤਾ ਹਨ।


## SIKH MATRIMONIALS

Sikh boy required for UK based girl, 26 years, 5 feet 3 inches, working as Psychologist in UK hospital , Masters in clinical Psychology. On work permit, contact 9971863565.

Sikh girl required for Sikh boy 29 years, 5 feet 8 inches working in a reputed airline in Canada.Earning CAD 100,000 per annum. Canada PR , own house . Contact 9971863565

Gursikh Boy 32/5'7"/ BTech/Post Graduate from Niagara College/ Working as Engineer in Windsor, Canada. Contact father +91-9417177476

Gursikhgirl26/5'/Philosophy(H)DU,DiplomaGeorge Brown College, Toronto/ Working /Family got PR in 2022 settled Vancouver/ Contact+91 9810196404


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. B 3. A 4. B

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555